ਮਿੱਠੇ ਬੱਚੇ:- ਜਦੋਂ ਵੀ ਸਮਾਂ ਮਿਲੇ ਤਾਂ ਇਕਾਂਤ ਵਿੱਚ ਬੈਠ ਸੱਚੇ ਮਾਸ਼ੂਕ ਨੂੰ ਯਾਦ ਕਰੋ ਕਿਉਂਕਿ ਯਾਦ ਨਾਲ ਹੀ ਸਵਰਗ ਦੀ ਬਾਦਸ਼ਾਹੀ ਮਿਲੇਗੀ "

ਪ੍ਰਸ਼ਨ:- ਬਾਪ ਮਿਲਿਆ ਹੈ ਤਾਂ ਕਿਹੜਾ ਅਲਬੇਲਾਪਨ ਸਮਾਪਤ ਹੋ ਜਾਣਾ ਚਾਹੀਦਾ ਹੈ?

ਉੱਤਰ:- ਕਈ ਬੱਚੇ ਅਲਬੇਲੇਪਨ ਵਿੱਚ ਕਹਿੰਦੇ ਹਨ ਕਿ ਅਸੀਂ ਤਾਂ ਬਾਬਾ ਦੇ ਹੈ ਹੀ। ਯਾਦ ਦੀ ਮਿਹਨਤ ਨਹੀਂ ਕਰਦੇ। ਘੜੀ - ਘੜੀ ਯਾਦ ਭੁੱਲ ਜਾਂਦੀ ਹੈ। ਇਹ ਹੀ ਹੈ ਅਲਬੇਲਾਪਨ। ਬਾਬਾ ਕਹਿੰਦੇ ਬੱਚੇ, ਜੇਕਰ ਯਾਦ ਵਿੱਚ ਰਹੋ ਤਾਂ ਅੰਦਰ ਸਥਾਈ ਖੁਸ਼ੀ ਰਹੇਗੀ। ਕਿਸੇ ਵੀ ਤਰ੍ਹਾਂ ਦਾ ਘੁਟਕਾ ਨਹੀਂ ਆਏਗਾ। ਜਿਸ ਤਰ੍ਹਾਂ ਬੰਦੇਲੀਆਂ ਯਾਦ ਵਿੱਚ ਤੜਪਦੀਆਂ ਹਨ, ਦਿਨ - ਰਾਤ ਯਾਦ ਕਰਦੀਆਂ ਹਨ। ਇਸ ਤਰ੍ਹਾਂ ਤੁਹਾਨੂੰ ਵੀ ਨਿਰੰਤਰ ਯਾਦ ਵਿੱਚ ਰਹਿਣਾ ਚਾਹੀਦਾ ਹੈ।

ਗੀਤ:- ਤਕਦੀਰ ਜਗਾ ਕੇ ਆਈ ਹਾਂ ..

ਓਮ ਸ਼ਾਂਤੀ। ਬਾਪ ਨੇ ਬੱਚਿਆਂ ਨੂੰ ਸਮਝਾਇਆ ਹੈ - ਤੁਸੀਂ ਵੀ ਕਹਿੰਦੇ ਹੋ ਓਮ ਸ਼ਾਂਤੀ। ਬਾਪ ਵੀ ਕਹਿੰਦੇ ਹਨ ਓਮ ਸ਼ਾਂਤੀ ਮਤਲਬ ਤੁਸੀਂ ਆਤਮਾਵਾਂ ਸ਼ਾਂਤ ਸਵਰੂਪ ਹੋ। ਬਾਪ ਵੀ ਸ਼ਾਂਤ ਸਵਰੂਪ ਹਨ, ਆਤਮਾ ਦਾ ਸਵਧਰਮ ਵੀ ਸ਼ਾਂਤ ਹੈ। ਪਰਮਾਤਮਾ ਦਾ ਵੀ ਸਵਧਰਮ ਸ਼ਾਂਤ ਹੈ। ਤੁਸੀਂ ਵੀ ਸ਼ਾਂਤੀਧਾਮ ਵਿੱਚ ਰਹਿਣ ਵਾਲੇ ਹੋ। ਬਾਪ ਵੀ ਕਹਿੰਦੇ ਹਨ - ਮੈਂ ਵੀ ਉਥੋਂ ਦਾ ਰਹਿਣ ਵਾਲਾ ਹਾਂ। ਤੁਸੀਂ ਬੱਚੇ ਪੁਨਰਜਨਮ ਵਿੱਚ ਆਉਂਦੇ ਹੋ, ਮੈਂ ਨਹੀਂ ਆਉਂਦਾ ਹਾਂ। ਮੈਂ ਇਸ ਰੱਥ ਵਿੱਚ ਪ੍ਰਵੇਸ਼ ਕਰਦਾ ਹਾਂ। ਇਹ ਮੇਰਾ ਰੱਥ ਹੈ। ਸ਼ੰਕਰ ਕੋਲੋਂ ਜੇਕਰ ਪੁੱਛੋਗੇ, ਪੁੱਛ ਤਾਂ ਨਹੀਂ ਸਕਦੇ ਪਰ ਸਮਝੋ ਸੁਕਸ਼ਮਵਤਨ ਵਿੱਚ ਜਾਕੇ ਕੋਈ ਪੁੱਛਣ ਤਾਂ ਕਹਿਣਗੇ ਕਿ ਇਹ ਸੂਕ੍ਸ਼੍ਮ ਸ਼ਰੀਰ ਸਾਡਾ ਹੈ। ਸਿਵਬਾਬਾ ਕਹਿੰਦੇ ਹਨ ਇਹ ਮੇਰਾ ਸ਼ਰੀਰ ਨਹੀਂ ਹੈ। ਇਹ ਮੈਂ ਉਧਾਰ ਲਿਆ ਹੈ ਕਿਉਂਕਿ ਮੈਨੂੰ ਵੀ ਕਰਮਿੰਦਰੀਆਂ ਦਾ ਅਧਾਰ ਚਾਹੀਦਾ ਹੈ। ਪਹਿਲੀ - ਪਹਿਲੀ ਮੁੱਖ ਗੱਲ ਸਮਝਾਉਣੀ ਹੈ ਕਿ ਪਤਿਤ - ਪਾਵਨ, ਗਿਆਨ ਦਾ ਸਾਗਰ ਸ੍ਰੀ ਕ੍ਰਿਸ਼ਨ ਨਹੀਂ ਹੈ। ਸ੍ਰੀ ਕ੍ਰਿਸ਼ਨ ਸਰਵ ਆਤਮਾਵਾਂ ਨੂੰ ਪਤਿਤ - ਪਾਵਨ ਨਹੀਂ ਬਣਾਉਂਦੇ ਹਨ, ਉਹ ਤਾਂ ਆਕੇ ਪਾਵਨ ਦੁਨੀਆਂ ਵਿੱਚ ਰਾਜ ਕਰਦੇ ਹਨ। ਪਹਿਲੇ ਪ੍ਰਿੰਸ ਬਣਦੇ ਹਨ ਫਿਰ ਮਹਾਰਾਜਾ ਬਣਦੇ ਹਨ। ਉਨ੍ਹਾਂ ਵਿੱਚ ਇਹ ਗਿਆਨ ਨਹੀਂ ਹੈ। ਰਚਨਾ ਦਾ ਗਿਆਨ ਤਾਂ ਰਚਨਾ ਵਿੱਚ ਹੀ ਹੋਵੇਗਾ ਨਾ। ਸ੍ਰੀ ਕ੍ਰਿਸ਼ਨ ਨੂੰ ਰਚਨਾ ਕਿਹਾ ਜਾਂਦਾ ਹੈ। ਰਚਤਾ ਬਾਪ ਹੀ ਆਕੇ ਗਿਆਨ ਦਿੰਦੇ ਹਨ। ਹੁਣ ਬਾਪ ਰੱਚ ਰਹੇ ਹਨ, ਕਹਿੰਦੇ ਹਨ ਤੁਸੀਂ ਮੇਰੇ ਬੱਚੇ ਹੋ। ਤੁਸੀਂ ਵੀ ਕਹਿੰਦੇ ਹੋ ਬਾਬਾ ਅਸੀਂ ਤੁਹਾਡੇ ਹਾਂ। ਕਿਹਾ ਜਾਂਦਾ ਹੈ ਬ੍ਰਹਮਾ ਦੁਆਰਾ ਬ੍ਰਾਹਮਣਾ ਦੀ ਸਥਾਪਨਾ। ਨਹੀਂ ਤਾਂ ਬ੍ਰਾਹਮਣ ਕਿਥੋਂ ਆਉਣ। ਸੁਖਸ਼ਮਵਤਨ ਵਾਲਾ ਬ੍ਰਹਮਾ ਕੋਈ ਦੂਜਾ ਨਹੀਂ ਹੈ। ਉਪਰ ਵਾਲਾ ਸੋ ਹੇਠਾਂ ਵਾਲਾ ਸੋ ਉੱਪਰ ਵਾਲਾ। ਇੱਕ ਹੀ ਹੈ। ਅੱਛਾ ਵਿਸ਼ਨੂੰ ਅਤੇ ਲਕਸ਼ਮੀ - ਨਾਰਾਇਣ ਵੀ ਇਕ ਹੀ ਗੱਲ ਹੈ। ਉਹ ਕਿਥੋਂ ਦੇ ਹਨ? ਬ੍ਰਹਮਾ ਸੋ ਵਿਸ਼ਨੂੰ ਬਣਦੇ ਹਨ। ਬ੍ਰਹਮਾ - ਸਰਸਵਤੀ ਹੀ ਸੋ ਲਕਸ਼ਮੀ - ਨਾਰਾਇਣ ਫਿਰ ਉਹ ਹੀ ਸਾਰਾ ਕਲਪ 84 ਜਨਮਾਂ ਦੇ ਬਾਦ ਆਕੇ ਸੰਗਮ ਤੇ ਬ੍ਰਹਮਾ - ਸਰਸਵਤੀ ਬਣਦੇ ਹਨ। ਲਕਸ਼ਮੀ - ਨਾਰਾਇਣ ਵੀ ਮਨੁੱਖ ਹਨ, ਉਨ੍ਹਾਂ ਦਾ ਦੇਵੀ - ਦੇਵਤਾ ਧਰਮ ਹੈ। ਵਿਸ਼ਨੂੰ ਨੂੰ ਵੀ ਚਾਰ ਭੁਜਾਵਾਂ ਦਿੱਤੀਆਂ ਹਨ। ਇਹ ਪ੍ਰਵ੍ਰਿਤੀ ਮਾਰਗ ਵਿਖਾਇਆ ਹੈ। ਭਾਰਤ ਵਿੱਚ ਸ਼ੁਰੂ ਤੋਂ ਹੀ ਪ੍ਰਵ੍ਰਿਤੀ ਮਾਰਗ ਚਲਿਆ ਆ ਰਿਹਾ ਹੈ ਇਸ ਲਈ ਵਿਸ਼ਨੂੰ ਨੂੰ ਚਾਰ ਭੁਜਾਵਾਂ ਦਿੱਤੀਆਂ ਹਨ। ਇੱਥੇ ਹਨ ਬ੍ਰਹਮਾ - ਸਰਸਵਤੀ, ਉਹ ਸਰਸਵਤੀ ਐਡਾਪਟਿਡ ਬੱਚੀ ਹੈ। ਇਨ੍ਹਾਂ ਦਾ ਅਸਲ ਨਾਮ ਲਖੀਰਾਜ ਸੀ, ਫਿਰ ਇਨ੍ਹਾਂ ਦਾ ਨਾਮ ਰੱਖਿਆ ਬ੍ਰਹਮਾ। ਸ਼ਿਵਬਾਬਾ ਨੇ ਇਸ ਵਿੱਚ ਪ੍ਰਵੇਸ਼ ਕੀਤਾ ਅਤੇ ਰਾਧੇ ਨੂੰ ਆਪਣਾ ਬਣਾਇਆ, ਨਾਮ ਰੱਖਿਆ ਸਰਸਵਤੀ। ਸਰਸਵਤੀ ਦਾ ਬ੍ਰਹਮਾ ਕੋਈ ਲੌਕਿਕ ਬਾਪ ਨਹੀਂ ਠਹਿਰਿਆ। ਇਨ੍ਹਾਂ ਦੋਵਾਂ ਦੇ ਲੌਕਿਕ ਬਾਪ ਆਪਣੇ - ਆਪਣੇ ਸੀ। ਹੁਣ ਉਹ ਨਹੀਂ ਹੈ। ਇਹ ਸ਼ਵਬਾਬਾ ਨੇ ਬ੍ਰਹਮਾ ਦਵਾਰਾ ਅਡੋਪਟ ਕੀਤਾ ਹੈ। ਤੁਸੀਂ ਹੋ ਅਡੋਪਟਿਡ ਚਿਲਡਰਨ। ਬ੍ਰਹਮਾ ਵੀ ਸ਼ਿਵਬਾਬਾ ਦਾ ਬੱਚਾ ਹੈ। ਬ੍ਰਹਮਾ ਦੇ ਮੁਖ ਕਮਲ ਤੋਂ ਰਚਦੇ ਹਨ ਇਸਲਈ ਬ੍ਰਹਮਾ ਨੂੰ ਵੀ ਮਾਤਾ ਕਿਹਾ ਜਾਂਦਾ ਹੈ। ਤੁਮ ਮਾਤ ਪਿਤਾ ਹਮ ਬਾਲਕ ਤੇਰੇ, ਤੁਮ੍ਹਾਰੀ ਕ੍ਰਿਪਾ ਸੇ ਸੁਖ ਘਨੇਰੇ ...ਗਾਉਂਦੇ ਹਨ ਨਾ। ਤੁਸੀਂ ਬ੍ਰਾਹਮਣ ਆਕੇ ਬਾਲਕ ਬਣੇ ਹੋ। ਇਸ ਵਿੱਚ ਸਮਝਣ ਦੀ ਬੁੱਧੀ ਬੜੀ ਵਧੀਆ ਚਾਹੀਦੀ ਹੈ। ਤੁਸੀਂ ਬੱਚੇ ਸ਼ਿਵਬਾਬਾ ਕੋਲੋਂ ਵਰਸਾ ਲੈਂਦੇ ਹੋ। ਬ੍ਰਹਮਾ ਕੋਈ ਸਵਰਗ ਦਾ ਰਚਿਯਤਾ ਅਤੇ ਗਿਆਨ ਸਾਗਰ ਨਹੀਂ ਹੈ। ਗਿਆਨ ਦਾ ਸਾਗਰ ਇੱਕ ਬਾਪ ਹੀ ਹੈ। ਆਤਮਾ ਦਾ ਬਾਪ ਹੀ ਗਿਆਨ ਦਾ ਸਾਗਰ ਹੈ। ਆਤਮਾ ਵੀ ਗਿਆਨ ਸਾਗਰ ਬਣਦੀ ਹੈ ਪਰ ਇਨ੍ਹਾਂ ਨੂੰ ਗਿਆਨ ਸਾਗਰ ਨਹੀਂ ਕਹਾਂਗੇ ਕਿਉਂਕਿ ਸਾਗਰ ਇੱਕ ਹੀ ਹੈ। ਤੁਸੀਂ ਸਭ ਨਦੀਆਂ ਹੋ। ਸਾਗਰ ਨੂੰ ਆਪਣਾ ਸ਼ਰੀਰ ਨਹੀਂ ਹੈ। ਨਦੀਆਂ ਨੂੰ ਹੈ। ਤੁਸੀਂ ਹੋ ਗਿਆਨ ਨਦੀਆਂ। ਕਲਕੱਤਾ ਵਿੱਚ ਬ੍ਰਹਮਪੁੱਤਰਾ ਨਦੀ ਬਹੁਤ ਵੱਡੀ ਹੈ ਕਿਉਂਕਿ ਉਨ੍ਹਾਂ ਦਾ ਸਾਗਰ ਨਾਲ ਕੁਨੈਕਸ਼ਨ ਹੈ। ਉਨ੍ਹਾਂ ਦਾ ਮੇਲਾ ਬਹੁਤ ਵੱਡਾ ਲੱਗਦਾ ਹੈ। ਇੱਥੇ ਵੀ ਮੇਲਾ ਲੱਗਦਾ ਹੈ। ਸਾਗਰ ਅਤੇ ਬ੍ਰਹਮਾਪੁੱਤਰਾ ਦੋਨੋ ਕੰਬਾਈਂਡ ਹਨ। ਇਹ ਹੈ ਚੇਤੰਨ, ਉਹ ਹੈ ਜੜ੍ਹ। ਇਹ ਗੱਲਾਂ ਬਾਪ ਸਮਝਾਉਂਦੇ ਹਨ। ਸ਼ਾਸ਼ਤਰਾਂ ਵਿੱਚ ਨਹੀਂ ਹਨ। ਸ਼ਾਸਤਰ ਹਨ ਭਗਤੀ ਮਾਰਗ ਦਾ ਡਿਪਾਰਟਮੈਂਟ। ਇਹ ਹੈ ਗਿਆਨ ਮਾਰਗ, ਉਹ ਹੈ ਭਗਤੀ ਮਾਰਗ। ਅੱਧਾ ਕਲਪ ਭਗਤੀ ਮਾਰਗ ਦੀ ਡਿਪਾਰਟਮੈਂਟ ਚਲਦੀ ਹੈ। ਉਸ ਵਿੱਚ ਗਿਆਨ ਸਾਗਰ ਹੈ ਨਹੀਂ। ਪਰਮਪਿਤਾ ਪਰਮਾਤਮਾ, ਗਿਆਨ ਦਾ ਸਾਗਰ ਬਾਪ ਸੰਗਮ ਤੇ ਆਕੇ ਗਿਆਨ ਸਨਾਨ ਨਾਲ ਸਭ ਦੀ ਸਦਗਤੀ ਕਰਦੇ ਹਨ।

ਤੁਸੀਂ ਜਾਣਦੇ ਹੋ ਕਿ ਅਸੀਂ ਬੇਹੱਦ ਦੇ ਬਾਪ ਤੋਂ ਸਵਰਗ ਦੇ ਸੁਖਾਂ ਦੀ ਤਕਦੀਰ ਬਣਾ ਰਹੇ ਹਾਂ। ਬਰੋਬਰ ਅਸੀਂ ਸਤਿਯੁਗ, ਤ੍ਰੇਤਾ ਵਿੱਚ ਪੂਜਯ ਦੇਵੀ ਦੇਵਤਾ ਸੀ। ਹੁਣ ਅਸੀਂ ਪੁਜਾਰੀ ਮਨੁੱਖ ਹਾਂ। ਫਿਰ ਮਨੁੱਖ ਤੋਂ ਤੁਸੀਂ ਦੇਵਤਾ ਬਣਦੇ ਹੋ। ਬ੍ਰਾਹਮਣ ਸੋ ਦੇਵਤਾ ਧਰਮ ਵਿੱਚ ਆਏ ਫਿਰ ਸ਼ਤ੍ਰੀਯ, ਵੈਸ਼, ਸ਼ੂਦ੍ਰ ਬਣੇ। 84 ਜਨਮ ਲੈਂਦੇ - ਲੈਂਦੇ ਥੱਲੇ ਉਤਰਨਾ ਪਿਆ ਹੈ। ਇਹ ਵੀ ਤੁਹਾਨੂੰ ਬਾਪ ਨੇ ਦੱਸਿਆ ਹੈ। ਤੁਸੀਂ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਸੀ। 84 ਜਨਮ ਵੀ ਤੁਸੀਂ ਹੀ ਲੈਂਦੇ ਹੋ। ਜੋ ਪਹਿਲੇ - ਪਹਿਲੇ ਆਉਂਦੇ ਹਨ, ਉਹੀ ਪੂਰੇ 84 ਜਨਮ ਲੈਂਦੇ ਹਨ। ਯੋਗ ਨਾਲ ਹੀ ਖਾਦ ਨਿਕਲਦੀ ਹੈ, ਯੋਗ ਵਿੱਚ ਹੀ ਮਿਹਨਤ ਹੈ। ਭਾਵੇਂ ਕਈ ਬੱਚੇ ਗਿਆਨ ਵਿੱਚ ਤਿੱਖੇ ਹਨ ਪਰ ਯੋਗ ਵਿੱਚ ਕੱਚੇ ਹਨ। ਬੰਦੇਲੀਆਂ ਯੋਗ ਵਿੱਚ ਛੁਟੈਲੀਆਂ ਨਾਲੋਂ ਵੀ ਚੰਗੀਆਂ ਹਨ। ਉਹ ਤਾਂ ਸ਼ਿਵਬਾਬਾ ਨਾਲ ਮਿਲਣ ਵਾਸਤੇ ਰਾਤ - ਦਿਨ ਤੜਫਦੀਆਂ ਹਨ। ਤੁਸੀਂ ਮਿਲੇ ਹੋ। ਤੁਹਾਨੂੰ ਕਿਹਾ ਜਾਂਦਾ ਹੈ ਯਾਦ ਕਰੋ ਤਾਂ ਤੁਸੀਂ ਘੜੀ - ਘੜੀ ਭੁੱਲ ਜਾਂਦੇ ਹੋ। ਤੁਹਾਨੂੰ ਤੂਫ਼ਾਨ ਬਹੁਤ ਆਉਂਦੇ ਹਨ। ਉਹ ਯਾਦ ਵਿੱਚ ਤੜਫਦੀਆਂ ਹਨ। ਤੁਸੀਂ ਤੜਫਦੇ ਨਹੀਂ ਹੋ। ਉਨ੍ਹਾਂ ਦੀ ਘਰ ਬੈਠੇ ਉੱਚ ਪਦਵੀ ਹੋ ਜਾਂਦੀ ਹੈ। ਤੁਸੀਂ ਬੱਚੇ ਜਾਣਦੇ ਹੋ - ਬਾਬਾ ਦੀ ਯਾਦ ਵਿੱਚ ਰਹਿਣ ਨਾਲ ਸਾਨੂੰ ਸਵਰਗ ਦੀ ਬਾਦਸ਼ਹੀ ਮਿਲੇਗੀ। ਜਿਸ ਤਰ੍ਹਾਂ ਬੱਚਾ ਗਰਭ ਵਿੱਚੋ ਨਿਕਲਣ ਦੇ ਲਈ ਤੜਫਦਾ ਹੈ। ਉਂਵੇ ਬੰਦੇਲੀਆਂ ਤੜਫਦੇ- ਤੜਫਦੇ ਪੁਕਾਰਦੀਆਂ ਹਨ, ਸ਼ਿਵਬਾਬਾ ਇਸ ਬੰਧਨ ਤੋਂ ਕੱਢੋ। ਦਿਨ - ਰਾਤ ਯਾਦ ਕਰਦੀਆਂ ਹਨ। ਤੁਹਾਨੂੰ ਬਾਪ ਮਿਲਿਆ ਹੈ ਤਾਂ ਤੁਸੀਂ ਅਲਬੇਲੇ ਬਣ ਗਏ ਹੋ। ਅਸੀਂ ਬਾਬਾ ਦੇ ਬੱਚੇ ਹਾਂ। ਅਸੀਂ ਇਹ ਸ਼ਰੀਰ ਛੱਡ ਜਾਕੇ ਪ੍ਰਿੰਸ ਬਣਾਂਗੇ, ਇਹ ਅੰਦਰ ਸਥਾਈ ਖੁਸ਼ੀ ਰਹਿਣੀ ਚਾਹੀਦੀ ਹੈ। ਪਰ ਮਾਇਆ ਯਾਦ ਰੱਖਣ ਨਹੀਂ ਦਿੰਦੀ। ਯਾਦ ਨਾਲ ਖੁਸ਼ੀ ਵਿੱਚ ਬਹੁਤ ਰਹਿਣਗੇ। ਯਾਦ ਨਹੀਂ ਕਰੋਗੇ ਤਾਂ ਘੁਟਕਾ ਖਾਂਦੇ ਰਹੋਗੇ। ਅੱਧਾ ਕਲਪ ਤੁਸੀਂ ਰਾਵਣ ਰਾਜ ਵਿੱਚ ਦੁੱਖ ਦੇਖਿਆ ਹੈ। ਅਕਾਲੇ ਮੌਤ ਹੁੰਦਾ ਆਇਆ ਹੈ। ਦੁਖ ਤਾਂ ਹੈ ਹੀ ਹੈ। ਭਾਵੇਂ ਕਿੰਨਾਂ ਵੀ ਸ਼ਾਹੂਕਾਰ ਹੋਵੇ, ਦੁਖ ਤਾਂ ਹੁੰਦਾ ਹੀ ਹੈ। ਅਕਾਲ਼ੇ ਮ੍ਰਿਤੂ ਹੋ ਜਾਂਦੀ ਹੈ। ਸਤਿਯੁਗ ਵਿੱਚ ਇਸ ਤਰ੍ਹਾਂ ਅਕਾਲੇ ਨਹੀਂ ਮਰਦੇ, ਕਦੀ ਬੀਮਾਰ ਨਹੀਂ ਹੋਵੋਗੇ। ਸਮੇਂ ਤੇ ਬੈਠੇ - ਬੈਠੇ ਆਪੇਹੀ ਇੱਕ ਸ਼ਰੀਰ ਛੱਡ ਦੂਸਰਾ ਲੈ ਲੈਂਦੇ ਹਾਂ। ਉਨ੍ਹਾਂ ਦਾ ਨਾਮ ਹੀ ਹੈ ਸੁਖਧਾਮ। ਮਨੁੱਖ ਤਾਂ ਸਵਰਗ ਦੀਆਂ ਗੱਲਾਂ ਨੂੰ ਕਲਪਨਾ ਸਮਝਦੇ ਹਨ। ਕਹਿਣਗੇ, ਸਵਰਗ ਕਿਥੋਂ ਆਇਆ। ਤੁਸੀਂ ਜਾਣਦੇ ਹੋ ਅਸੀਂ ਸਵਰਗ ਵਿੱਚ ਰਹਿਣ ਵਾਲੇ ਹਾਂ ਫਿਰ 84 ਜਨਮ ਲੈਂਦੇ ਹਾਂ। ਇਹ ਸਾਰਾ ਖੇਡ ਭਾਰਤ ਤੇ ਹੀ ਬਣਿਆ ਹੋਇਆ ਹੈ। ਤੁਸੀਂ ਜਾਣਦੇ ਹੋ ਅਸੀਂ 21 ਜਨਮ ਪਾਵਨ ਦੇਵਤਾ ਸੀ ਫਿਰ ਅਸੀਂ ਸ਼ਤ੍ਰੀਯ, ਵੈਸ਼, ਸੂਦ੍ਰ ਬਣੇ। ਹੁਣ ਫਿਰ ਤੋਂ ਬ੍ਰਾਹਮਣ ਬਣੇ ਹਾਂ। ਇਹ ਸਵਦਰਸ਼ਨ ਚੱਕਰ ਬਹੁਤ ਸਹਿਜ ਹੈ। ਇਹ ਸ਼ਿਵਬਾਬਾ ਬੈਠ ਸਮਝਾਉਂਦੇ ਹਨ।

ਤੁਸੀਂ ਜਾਣਦੇ ਹੋ ਸ਼ਿਵਬਾਬਾ ਬ੍ਰਹਮਾ ਦੇ ਰਥ ਵਿੱਚ ਆਇਆ ਹੈ, ਜੋ ਬ੍ਰਹਮਾ ਹੈ ਉਹ ਹੀ ਸਤਿਯੁਗ ਆਦਿ ਵਿੱਚ ਸ੍ਰੀ ਕ੍ਰਿਸ਼ਨ ਸੀ। 84 ਜਨਮ ਲੈ ਪਤਿਤ ਬਣੇ ਹਨ। ਤੁਸੀਂ ਜਾਣਦੇ ਹੋ ਸ਼ਿਵਬਾਬਾ ਬ੍ਰਹਮਾ ਦੇ ਰੱਥ ਵਿੱਚ ਆਇਆ ਹੈ, ਜੋ ਬ੍ਰਹਮਾ ਹੈ ਉਹ ਹੀ ਸਤਿਯੁਗ ਆਦਿ ਵਿੱਚ ਸ੍ਰੀ ਕ੍ਰਿਸ਼ਨ ਸੀ। 84 ਜਨਮ ਲੈਕੇ ਪਤਿਤ ਬਣੇ ਹਨ ਫਿਰ ਬਾਪ ਨੇ ਪ੍ਰਵੇਸ਼ ਕਰ ਐਡੋਪਟ ਕੀਤਾ ਹੈ। ਖੁਦ ਕਹਿੰਦੇ ਹਨ ਮੈਂ ਇਸ ਤਨ ਦਾ ਅਧਾਰ ਲੈ ਕੇ ਤੁਹਾਨੂੰ ਆਪਣਾ ਬਣਾਇਆ ਹੈ। ਫ਼ਿਰ ਤੁਹਾਨੂੰ ਸਵਰਗ ਦੀ ਰਾਜਧਾਨੀ ਦੇ ਲਾਇਕ ਬਣਾਉਂਦਾ ਹਾਂ, ਜੋ ਲਾਇਕ ਬਣਨਗੇ ਉਹ ਹੀ ਰਜਾਈ ਵਿੱਚ ਆਉਣਗੇ। ਇਸ ਵਿੱਚ ਮੈਂਨਰਜ਼ ਵਧੀਆ ਚਾਹੀਦੇ ਹਨ। ਮੁਖ ਹੈ ਹੀ ਪਵਿੱਤਰਤਾ। ਇਸ ਤੇ ਅਬਲਾਵਾਂ ਤੇ ਅਤਿਆਚਾਰ ਹੁੰਦੇ ਹਨ। ਕਿਤੇ - ਕਿਤੇ ਪੁਰਸ਼ਾਂ ਤੇ ਵੀ ਅਤਿਆਚਾਰ ਹੁੰਦੇ ਹਨ। ਵਿਕਾਰ ਦੇ ਲਈ ਇੱਕ ਦੋ ਨੂੰ ਤੰਗ ਕਰਦੇ ਹਨ। ਇੱਥੇ ਮਾਤਾਵਾਂ ਬਹੁਤ ਹੋਣ ਦੇ ਕਾਰਨ ਸ਼ਕਤੀ ਸੈਨਾ ਨਾਮ ਗਾਇਆ ਹੋਇਆ ਹੈ, ਵੰਧੇ ਮਾਤਰਮ। ਹੁਣ ਤੁਸੀਂ ਗਿਆਨ - ਚਿਤਾ ਤੇ ਬੈਠੇ ਹੋ ਕਾਮ - ਚਿਤਾ ਤੋਂ ਉਤਰ ਗੋਰਾ ਬਣਨ ਦੇ ਲਈ। ਦਵਾਪਰ ਤੋਂ ਲੈਕੇ ਕਾਮ ਚਿਤਾ ਤੇ ਬੈਠੇ ਹੋ। ਇੱਕ ਦੋ ਨੂੰ ਵਿਕਾਰ ਦੇਣ ਦਾ ਹਥਿਆਲਾ ਵਿਕਾਰੀ ਬ੍ਰਾਹਮਣ ਬੰਨ੍ਹਦੇ ਹਨ। ਤੁਸੀਂ ਹੋ ਨਿਰਵਿਕਾਰੀ ਬ੍ਰਾਹਮਣ। ਤੁਸੀਂ ਉਹ ਕੈਂਸਲ ਕਰਵਾਏ ਗਿਆਨ- ਚਿਤਾ ਤੇ ਬੈਠਦੇ ਹੋ। ਕਾਮ ਚਿਤਾ ਨਾਲ ਕਾਲੇ ਬਣੇ ਹੋ ਗਿਆਨ ਚਿਤਾ ਨਾਲ ਗੋਰੇ ਬਣ ਜਾਓਗੇ। ਬਾਪ ਕਹਿੰਦੇ ਹਨ ਭਾਵੇਂ ਇਕੱਠੇ ਰਹੋ ਪਰ ਪ੍ਰਤਿਗਿਆ ਕਰਨੀ ਹੈ ਕਿ ਅਸੀਂ ਵਿਕਾਰ ਵਿੱਚ ਨਹੀ ਜਾਵਾਂਗੇ, ਇਸਲਈ ਬਾਬਾ ਅੰਗੂਠੀ ਵੀ ਪਵਾਉਂਦੇ ਹਨ। ਸ਼ਿਵਬਾਬਾ, ਬਾਬਾ ਵੀ ਹਨ। ਸਾਜਨ ਵੀ ਹਨ। ਸਾਰੀਆਂ ਸਿਤਾਵਾਂ ਦਾ ਰਾਮ ਵੀ ਹੈ। ਉਹ ਹੀ ਪਤਿਤ - ਪਾਵਨ ਹੈ। ਬਾਕੀ ਰਘੂਪਤੀ ਰਾਜਾ ਰਾਮ ਦੀ ਗੱਲ ਨਹੀਂ ਹੈ। ਉਸਨੇ ਸੰਗਮ ਤੇ ਹੀ ਇਹ ਪ੍ਰਾਲਬੱਧ ਪਾਈ ਸੀ। ਉਨ੍ਹਾਂ ਨੂੰ ਹਿੰਸਕ ਬਾਣ ਦਿਖਾਉਣਾ ਵੀ ਗ਼ਲਤ ਹੈ। ਚਿੱਤਰ ਵਿੱਚ ਵੀ ਨਹੀਂ ਦੇਣਾ ਚਾਹੀਦਾ ਹੈ। ਸਿਰਫ਼ ਲਿਖਣਾ ਹੈ ਚੰਦਰਵੰਸ਼ੀ। ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਸ਼ਿਵਬਾਬਾ ਇਸ ਦਵਾਰਾ ਸਾਨੂੰ ਇਸ ਚੱਕਰ ਦਾ ਰਾਜ਼ ਸਮਝਾ ਰਹੇ ਹਨ। ਸੱਤ - ਨਾਰਾਇਣ ਦੀ ਕਥਾ ਹੁੰਦੀ ਹੈ ਨਾ। ਉਹ ਹੈ ਮਨੁੱਖਾਂ ਦੀ ਬਣਾਈ ਹੋਈ ਕਥਾ। ਨਰ ਤੋਂ ਨਾਰਾਇਣ ਤਾਂ ਕੋਈ ਬਣਦੇ ਨਹੀਂ। ਸੱਤ - ਨਾਰਾਇਣ ਦੀ ਕਥਾ ਦਾ ਅਰਥ ਹੀ ਹੈ ਨਰ ਤੋਂ ਨਾਰਾਇਣ ਬਣਨਾ ਹੈ। ਅਮਰਕਥਾ ਵੀ ਸੁਣਾਉਂਦੇ ਹਨ ਪਰ ਅਮਰਪੁਰੀ ਵਿੱਚ ਤਾਂ ਕੋਈ ਜਾਂਦੇ ਨਹੀਂ। ਮ੍ਰਿਤੂਲੋਕ 2500 ਵਰ੍ਹੇ ਚਲਦਾ ਹੈ। ਤੀਜਰੀ ਦੀ ਕਥਾ ਮਾਤਾਵਾਂ ਸੁਣਦੀਆਂ ਹਨ। ਅਸਲ ਵਿੱਚ ਇਹ ਹੈ ਤੀਜਾ ਗਿਆਨ ਦਾ ਨੇਤਰ ਦੇਣ ਦੀ ਕਥਾ। ਹੁਣ ਗਿਆਨ ਦਾ ਤੀਜਾ ਨੇਤਰ ਆਤਮਾ ਨੂੰ ਮਿਲਿਆ ਹੈ ਤਾਂ ਆਤਮ - ਅਭਿਮਾਨੀ ਬਣਨਾ ਹੈ। ਮੈਂ ਇਸ ਸ਼ਰੀਰ ਦਵਾਰਾ ਹੁਣ ਦੇਵਤਾ ਬਣਦੀ ਹਾਂ। ਮੇਰੇ ਵਿੱਚ ਹੀ ਸੰਸਕਾਰ ਹਨ। ਮਨੁੱਖ ਸਭ ਦੇਹ - ਅਭਿਮਾਨੀ ਹਨ। ਬਾਪ ਆਕੇ ਦੇਹੀ - ਅਭਿਮਾਨੀ ਬਣਾਉਂਦੇ ਹਨ। ਲੋਕ ਫਿਰ ਕਹਿ ਦਿੰਦੇ ਹਨ ਆਤਮਾ ਪਰਮਾਤਮਾ ਇੱਕ ਹੈ। ਪਰਮਾਤਮਾ ਨੇ ਇਹ ਸਭ ਰੂਪ ਧਾਰਨ ਕੀਤੇ ਹਨ। ਬਾਪ ਕਹਿੰਦੇ ਹਨ ਇਹ ਸਭ ਰਾਂਗ ਹੈ, ਇਸ ਨੂੰ ਮਿਥਿਆ ਅਭਿਮਾਨ, ਮਿਥਿਆ ਗਿਆਨ ਕਿਹਾ ਜਾਂਦਾ ਹੈ। ਬਾਪ ਦੱਸਦੇ ਹਨ ਮੈਂ ਬਿੰਦੀ ਮਿਸਲ ਹਾਂ। ਤੁਸੀਂ ਵੀ ਨਹੀਂ ਜਾਣਦੇ ਸੀ, ਇਹ ਵੀ ਨਹੀਂ ਜਾਣਦੇ ਸੀ। ਹੁਣ ਬਾਪ ਸਮਝਾਉਂਦੇ ਹਨ - ਇਸ ਵਿੱਚ ਸੰਸ਼ੇ ਨਹੀਂ ਆਉਣਾ ਚਾਹੀਦਾ ਹੈ। ਨਿਸ਼ਚਾ ਹੋਣਾ ਚਾਹੀਦਾ ਹੈ। ਬਾਬਾ ਜਰੂਰ ਸੱਤ ਹੀ ਬੋਲਦੇ ਹਨ, ਸੰਸ਼ੇਬੁੱਧੀ ਵਿੰਸ਼ਯਨਤੀ। ਉਹ ਪੂਰਾ ਵਰਸਾ ਨਹੀਂ ਪਾਉਣਗੇ। ਆਤਮ - ਅਭਿਮਾਨੀ ਬਣਨ ਵਿੱਚ ਹੀ ਮਿਹਨਤ ਹੈ। ਖਾਣਾ ਪਕਾਉਂਦੇ ਬੁੱਧੀ ਬਾਪ ਦੇ ਵੱਲ ਲੱਗੀ ਰਹੇ। ਹਰ ਗੱਲ ਵਿੱਚ ਇਹ ਪ੍ਰੈਕਟਿਸ ਕਰਨੀ ਚਾਹੀਦੀ ਹੈ। ਰੋਟੀ ਬੇਲਦੇ, ਆਪਣੇ ਮਾਸ਼ੂਕ ਨੂੰ ਯਾਦ ਕਰਦੇ ਰਹਿਣਾ ਹੈ - ਇਹ ਅਭਿਆਸ ਹਰ ਗੱਲ ਵਿੱਚ

ਚਾਹੀਦਾ ਹੈ। ਜਿੰਨਾ ਸਮੇਂ ਫੁਰਸਤ ਮਿਲੇ ਯਾਦ ਕਰਨਾ ਹੈ। ਯਾਦ ਤੋਂ ਹੀ ਤੁਸੀਂ ਸਤੋਪ੍ਰਧਾਨ ਬਣੋਗੇ। 8 ਘੰਟਾ ਕਰਮ ਦੇ ਲਈ ਛੁੱਟੀ ਹੈ। ਵਿਚ- ਵਿਚ ਵੀ ਇਕਾਂਤ ਵਿੱਚ ਜਾਕੇ ਬੈਠਣਾ ਚਾਹੀਦਾ ਹੈ, ਤੁਹਾਨੂੰ ਸਭ ਨੂੰ ਬਾਪ ਦਾ ਪਰਿਚੈ ਵੀ ਸੁਣਾਉਣਾ ਹੈ। ਅੱਜ ਨਹੀਂ ਸੁਣਨਗੇ ਤਾਂ ਕਲ ਸੁਣਨਗੇ। ਬਾਪ ਸ੍ਵਰਗ ਸਥਾਪਨ ਕਰਦੇ ਹਨ, ਅਸੀਂ ਸ੍ਵਰਗ ਵਿੱਚ ਸੀ ਹੁਣ ਫਿਰ ਨਰਕਵਾਸੀ ਹੋਏ ਹਾਂ। ਹੁਣ ਫਿਰ ਬਾਪ ਤੋਂ ਵਰਸਾ ਮਿਲਣਾ ਚਾਹੀਦਾ ਹੈ। ਭਾਰਤਵਾਸਿਆਂ ਨੂੰ ਹੀ ਸਮਝਾਉਂਦੇ ਹਨ। ਬਾਪ ਆਉਂਦੇ ਵੀ ਭਾਰਤ ਵਿੱਚ ਹੀ ਹਨ। ਵੇਖੋ, ਤੁਹਾਡੇ ਕੋਲ ਮੁਸਲਮਾਨ ਲੋਕ ਵੀ ਆਉਂਦੇ ਹਨ, ਉਹ ਵੀ ਸੈਂਟਰ ਸੰਭਾਲਦੇ ਹਨ। ਕਹਿੰਦੇ ਹਨ ਸ਼ਿਵਬਾਬਾ ਨੂੰ ਯਾਦ ਕਰੋ। ਸਿੱਖ ਵੀ ਆਉਂਦੇ ਹਨ, ਕ੍ਰਿਸ਼ਚਨ ਵੀ ਆਉਂਦੇ ਹਨ, ਅੱਗੇ ਚੱਲਕੇ ਬਹੁਤ ਆਉਣਗੇ। ਇਹ ਗਿਆਨ ਸਭ ਦੇ ਲਈ ਹੈ ਕਿਉਂਕਿ ਇਹ ਹੈ ਹੀ ਸਹਿਜ ਯਾਦ ਅਤੇ ਸਹਿਜ ਵਰਸਾ ਬਾਪ ਦਾ। ਪਰ ਪਵਿੱਤਰ ਤਾਂ ਜਰੂਰ ਬਣਨਾ ਪਵੇਗਾ। ਦੇ ਦਾਨ ਤਾਂ ਛੁਟੇ - ਗ੍ਰਹਿਣ। ਹੁਣ ਭਾਰਤ ਤੇ ਰਾਹੁ ਦਾ ਗ੍ਰਹਿਣ ਹੈ ਫਿਰ ਬ੍ਰਹਿਸਪਤੀ ਦੀ ਦਸ਼ਾ ਸ਼ੁਰੂ ਹੋਵੇਗੀ 21 ਜਨਮਾਂ ਦੇ ਲਈ। ਪਹਿਲੇ ਹੁੰਦੀ ਹੈ ਬ੍ਰਹਿਸਪਤੀ ਦੀ ਦਸ਼ਾ। ਫਿਰ ਸ਼ੁਕ੍ਰ ਦੀ ਦਸ਼ਾ। ਸੂਰਜਵੰਸ਼ੀਆਂ ਤੇ ਬ੍ਰਹਿਸਪਤੀ ਦੀ ਦਸ਼ਾ, ਚੰਦ੍ਰਵੰਸ਼ੀਆਂ ਤੇ ਸ਼ੁਕ੍ਰ ਦੀ ਦਸ਼ਾ ਕਹਾਂਗੇ। ਫਿਰ ਦਸ਼ਾ ਘੱਟ ਹੁੰਦੀ ਜਾਂਦੀ ਹੈ। ਸਭ ਤੋਂ ਖਰਾਬ ਹੈ ਰਾਹੁ ਦੀ ਦਸ਼ਾ। ਬ੍ਰਹਿਸਪਤੀ ਕੋਈ ਗੁਰੂ ਨਹੀਂ ਹੁੰਦਾ ਹੈ। ਇਹ ਦਸ਼ਾ ਹੈ ਵਰਿਕਸ਼ਪਤੀ ਦੀ। ਵਰਿਕਸ਼ਪਤੀ ਬਾਪ ਆਉਂਦੇ ਹਨ ਤਾਂ ਬ੍ਰਹਿਸਪਤੀ ਅਤੇ ਸ਼ੁਕ੍ਰ ਦੀ ਦਸ਼ਾ ਹੁੰਦੀ ਹੈ। ਰਾਵਣ ਆਉਂਦੇ ਹੈ ਤਾਂ ਰਾਹੂ ਦੀ ਦਸ਼ਾ ਹੋ ਜਾਂਦੀ ਹੈ। ਤੁਸੀਂ ਬੱਚਿਆਂ ਤੇ ਹੁਣ ਬ੍ਰਹਿਸਪਤੀ ਦੀ ਦਸ਼ਾ ਬੈਠਦੀ ਹੈ। ਸਿਰਫ ਵਰਿਕਸ਼ਪਤੀ ਨੂੰ ਯਾਦ ਕਰੋ, ਪਵਿੱਤਰ ਬਣੋ, ਬਸ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਹਰ ਕੰਮ ਕਰਦੇ ਹੋਏ ਆਤਮ - ਅਭਿਮਾਨੀ ਬਣਨ ਦੀ ਪ੍ਰੈਕਟਿਸ ਕਰਨੀ ਹੈ। ਦੇਹ ਦਾ ਹੰਕਾਰ ਸਮਾਪਤ ਹੋ ਜਾਵੇ, ਇਸ ਦੇ ਲਈ ਹੀ ਮਿਹਨਤ ਕਰਨੀ ਹੈ।

2. ਸਤਿਯੁਗੀ ਰਜਾਈ ਦੇ ਲਾਇਕ ਬਣਨ ਦੇ ਲਈ ਆਪਣੇ ਮੈਨਰਸ ਰਾਯਲ ਬਨਾਉਣੇ ਹਨ। ਪਵਿੱਤਰਤਾ ਹੀ ਸਭ ਤੋਂ ਉੱਚੀ ਚਲਣ ਹੈ। ਪਵਿੱਤਰ ਬਣਨ ਨਾਲ ਹੀ ਪਵਿਤੱਰ ਦੁਨੀਆਂ ਦੇ ਮਾਲਿਕ ਬਣੋਂਗੇ।

ਵਰਦਾਨ:- ਕਰਨ - ਕਰਾਵਨਹਾਰ ਦੀ ਸਮ੍ਰਿਤੀ ਦ੍ਵਾਰਾ ਸਹਿਜਯੋਗ ਦਾ ਅਨੁਭਵ ਕਰਨ ਵਾਲੇ ਸਫਲਤਾਮੂਰਤ ਭਵ

ਕੋਈ ਵੀ ਕੰਮ ਕਰਦੇ ਇਹ ਹੀ ਸਮ੍ਰਿਤੀ ਰਹੇ ਕਿ ਇਸ ਕੰਮ ਦੇ ਨਿਮਿਤ ਬਨਾਉਣ ਵਾਲਾ ਬੈਕਬੋਨ ਕੌਣ ਹੈ। ਬਿਨਾ ਬੈਕਬਨ ਦੇ ਕੋਈ ਵੀ ਕੰਮ ਵਿਚ ਸਫਲਤਾ ਨਹੀਂ ਮਿਲ ਸਕਦੀ, ਇਸਲਈ ਕੋਈ ਵੀ ਕੰਮ ਕਰਦੇ ਸਿਰਫ ਇਹ ਸੋਚੋ ਮੈਂ ਨਿਮਿਤ ਹਾਂ, ਕਰਾਉਣ ਵਾਲਾ ਖੁਦ ਸਰਵ ਸਮਰੱਥ ਬਾਪ ਹੈ। ਇਹ ਸਮ੍ਰਿਤੀ ਵਿਚ ਰੱਖ ਕਰਮ ਕਰੋ ਤਾਂ ਸਹਿਜ ਯੋਗ ਦੀ ਅਨੁਭੂਤੀ ਹੁੰਦੀ ਰਹੇਗੀ। ਫਿਰ ਇਹ ਸਹਿਜਯੋਗ ਉੱਥੇ ਸਹਿਜ ਰਾਜ ਕਰਵਾਏਗਾ। ਇੱਥੇ ਦੇ ਸੰਸਕਾਰ ਉੱਥੇ ਲੈ ਜਾਣਗੇ।

ਸਲੋਗਨ:- ਇੱਛਾਵਾਂ ਪਰਛਾਈ ਦੇ ਸਮਾਨ ਹਨ ਤੁਸੀਂ ਪਿੱਠ ਕਰ ਦਵੋ ਤਾਂ ਪਿੱਛੇ - ਪਿੱਛੇ ਆਉਣਗੀਆਂ।

******

ਇਹ ਅਵਿਅਕਤ ਇਸ਼ਾਰੇ :- ਮਹਾਨ ਬਣਨ ਦੇ ਲਈ ਮਧੁਰਤਾ ਅਤੇ ਨਿਮਰਤਾ ਦਾ ਗੁਣ ਧਾਰਨ ਕਰੋ।

ਮਧੁਰਤਾ ਅਜਿਹੀ ਵਿਸ਼ੇਸ਼ ਧਾਰਨਾ ਹੈ ਜੋ ਕੜਵੀ ਧਰਨੀ ਨੂੰ ਵੀ ਮਧੁਰ ਬਣਾ ਦਿੰਦੀ ਹੈ। ਤੁਹਾਨੂੰ ਸਭ ਨੂੰ ਬਦਲਣ ਦਾ ਆਧਾਰ ਬਾਪ ਦੇ ਮਧੁਰ ਦੋ ਬੋਲ ਹਨ। ਮਿੱਠੇ ਬੱਚੇ ਤੁਸੀਂ ਮਿੱਠੀ ਸ਼ੁੱਧ ਆਤਮਾ ਹੋ। ਇਨ੍ਹਾਂ ਦੋ ਮਧੁਰ ਬੋਲ ਨੇ ਹੀ ਬਦਲ ਦਿੱਤਾ। ਮਿੱਠੀ ਦ੍ਰਿਸ਼ਟੀ ਨੇ ਬਦਲ ਦਿੱਤਾ। ਅਜਿਹੀ ਮਧੁਰਤਾ ਦ੍ਵਾਰਾ ਹੋਰਾਂ ਨੂੰ ਵੀ ਮਧੁਰ ਬਣਾਓ। ਇਹ ਮੁੱਖ ਮਿੱਠਾ ਕਰੋ। ਸਦਾ ਇਸ ਮਧੁਰਤਾ ਦੀ ਸੌਗਾਤ ਨੂੰ ਨਾਲ ਰੱਖੋ। ਇਸੇ ਨਾਲ ਸਦਾ ਮਿੱਠੇ ਰਹੋਗੇ ਅਤੇ ਮਿੱਠਾ ਬਣਾਓਗੇ।